# 3 ਜਨਵਰੀ ਤੋਂ 20 ਜਨਵਰੀ 2026 ਤੱਕ ਲੋਕਾਂ ਨਾਲ ਸਬੰਧਤ ਮੁੱਦਿਆਂ ’ਤੇ ਪ੍ਰਚਾਰ ਮੁਹਿੰਮ ਤੇਜ਼ ਕਰੋ : ਸੁਖਵਿੰਦਰ ਸਿੰਘ, ਸੇਖੋਂ ਸੂਬਾ ਸਕੱਤਰ

ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਨੇ ਮਗਨਰੇਗਾ ਕਾਨੂੰਨ ਖ਼ਤਮ ਕਰਕੇ ਵਿਕਸਿਤ ਭਾਰਤ ਰੁਜ਼ਗਾਰ ਅਤੇ ਆਜੀਵਕਾ ਮਿਸ਼ਨ ਵੀਬੀ-ਜੀ ਰਾਮ ਜੀ ਕਾਨੂੰਨ ਬਣਾ ਦਿੱਤਾ ਹੈ। ਮਗਨਰੇਗਾ ਕਾਨੂੰਨ ਪੇਂਡੂ ਅਰਥ ਵਿਵਸਥਾ ਦੇ ਮੁਤਾਬਕ ਸਮੇਂ ਦੀ ਲੋੜ ਸੀ। ਖੱਬੀਆਂ ਪਾਰਟੀਆਂ, ਖ਼ਾਸ ਕਰਕੇ ਸੀਪੀਆਈ(ਐਮ), ਨੇ ਯੂ.ਪੀ.ਏ.-1 ਸਰਕਾਰ ਦਾ ਸਮਰਥਨ ਕਰਨ ਦੇ ਬਦਲੇ ਵਿੱਚ ਸਾਂਝੇ ਫਰੰਟ ਦੀ ਸਰਕਾਰ ਵੱਲੋਂ ਬਾਹਰੋਂ ਮਦਦ ਕਰਕੇ ਚਾਰ ਕਾਨੂੰਨ ਬਣਵਾਏ, ਜਿਨ੍ਹਾਂ ਵਿੱਚੋਂ ਮਗਨਰੇਗਾ ਕਾਨੂੰਨ ਇੱਕ ਹੈ। ਮਗਨਰੇਗਾ ਤਹਿਤ ਪੇਂਡੂ ਮਜ਼ਦੂਰਾਂ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਾਲ ਵਿੱਚ 100 ਦਿਨ ਕੰਮ ਦੀ ਗਾਰੰਟੀ ਦਿੱਤੀ ਗਈ। ਕੰਮ ਨਾ ਮਿਲਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਮਿਲਣ ਦੀ ਗਾਰੰਟੀ ਵੀ ਸੀ। ਪੇਂਡੂ ਮਜ਼ਦੂਰਾਂ ਨੂੰ ਘਾਟਾਂ ਕਮਜ਼ੋਰੀਆਂ ਦੇ ਬਾਵਜੂਦ ਅੰਸ਼ਕ ਕੰਮ ਦੀ ਗਾਰੰਟੀ ਪ੍ਰਾਪਤ ਹੋਈ। ਮਗਨਰੇਗਾ ਤਹਿਤ ਕੋਵਿਡ ਸਮੇਂ ਸ਼ਹਿਰਾਂ ਵਿੱਚ ਕੰਮਾਂ ਕਾਰਾਂ ਤੋਂ ਵਿਹਲੇ ਹੋਏ ਵਰਕਰਾਂ ਨੂੰ ਰੁਜ਼ਗਾਰ ਮਿਲਿਆ।

(ੳ). ਦੇਸ਼ ਦੇ ਪੂੰਜੀਪਤੀ ਅਤੇ ਜਗੀਰਦਾਰ ਪਹਿਲਾਂ ਹੀ ਇਸ ਕਾਨੂੰਨ ਦਾ ਵਿਰੋਧ ਕਰਦੇ ਸਨ। ਕੇਂਦਰ ਵਿੱਚ 2014 ਅੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਇਸ ਕਾਨੂੰਨ ਨੂੰ ਪਹਿਲੀ ਸਰਕਾਰ ਦੀ ਅਸਫ਼ਲਤਾ ਕਰਾਰ ਦਿੱਤਾ। ਇਸ ਸਰਕਾਰ ਨੇ ਆਪਣੇ 11 ਸਾਲਾਂ ਦੇ ਰਾਜ ਅੰਦਰ ਮਗਨਰੇਗਾ ਫੰਡ ਵਿੱਚ ਲਗਾਤਾਰ ਕਟੌਤੀ ਕੀਤੀ। ਅਖ਼ੀਰ ਵਿੱਚ ਪਿਛਲੇ ਪਾਰਲੀਮੈਂਟ ਸੈਸ਼ਨ ਵਿੱਚ ਵੀਬੀ-ਜੀ-ਰਾਮ-ਜੀ ਨਾਂ ਦੇ ਕਾਨੂੰਨ ਤਹਿਤ ਕੇਂਦਰ ਦਾ ਹਿੱਸਾ 90 ਫ਼ੀਸਦੀ ਤੋਂ ਘਟਾ ਕੇ 60 ਫ਼ੀਸਦੀ ਕਰ ਦਿੱਤਾ ਗਿਆ ਅਤੇ ਰਾਜ ਸਰਕਾਰ ਦਾ ਹਿੱਸਾ 10 ਫ਼ੀਸਦੀ ਤੋਂ ਵਧਾ ਕੇ 40 ਫ਼ੀਸਦੀ ਕਰ ਦਿੱਤਾ।

(ਅ). ਮਗਨਰੇਗਾ ਤਹਿਤ ਕੰਮ ਦੀ ਯੋਜਨਾ ਗਰਾਮ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਰਾਹੀਂ ਵਰਕਰਾਂ ਦੇ ਕੰਮ ਦੀ ਮੰਗ ਜਮਹੂਰੀ ਪ੍ਰਕਿਰਿਆ ਰਾਹੀਂ ਹੁੰਦੀ ਸੀ। ਕੰਮ ਮੰਗਣ ਦੀ ਦਰਖ਼ਾਸਤ, ਬੇਰੁਜ਼ਗਾਰੀ ਭੱਤਾ ਅਤੇ ਕਮਾਈ ਤਨਖ਼ਾਹ ਨਾ ਮਿਲਣ ’ਤੇ ਵਰਕਰ ਨੂੰ ਕਾਨੂੰਨੀ ਮਦਦ ਲੈਣ ਦੀ ਵਿਵਸਥਾ ਸੀ। ਕੇਂਦਰ ਦੀ ਮੋਦੀ ਸਰਕਾਰ ਨੇ ਸਾਰੀ ਸਕੀਮ ਨੂੰ ਆਪਣੇ ਹੱਥ ਵਿੱਚ ਲੈ ਲਿਆ ਹੈ। ਕੰਮ ਦਾ ਪ੍ਰੋਜੈਕਟ ਥਲਿਉਂ ਬਣ ਕੇ ਰਾਜ ਸਰਕਾਰ ਰਾਹੀਂ ਕੇਂਦਰ ਸਰਕਾਰ ਨੂੰ ਜਾਵੇਗਾ। ਕੇਂਦਰ ਆਪਣੀ ਮਰਜ਼ੀ ਨਾਲ ਕੰਮ ਦੀ ਮਨਜ਼ੂਰੀ ਅਤੇ ਫੰਡ ਖ਼ੁਦ ਤੈਅ ਕਰੇਗਾ। ਮਗਨਰੇਗਾ ਕਾਨੂੰਨ ਦੀ ਮੰਗ ਆਧਾਰਤ ਕੰਮ ਦੇ ਅਧਿਕਾਰ ਨੂੰ ਕੇਂਦਰ ਵੱਲੋਂ ਸਪਾਂਸਰ ਯੋਜਨਾ ਵਿੱਚ ਬਦਲ ਦਿੱਤਾ ਗਿਆ ਹੈ। ਦੂਸਰਾ ਸੂਬਾਈ ਸਰਕਾਰਾਂ ਨਾ 40 ਫ਼ੀਸਦੀ ਬਜਟ ਦਾ ਪ੍ਰਬੰਧ ਕਰ ਸਕਣਗੀਆਂ ਅਤੇ ਨਾ ਹੀ ਬੇਰੁਗਜ਼ਗਾਰੀ ਭੱਤਾ ਅਦਾ ਕਰ ਸਕਣਗੀਆਂ।

(ੲ). ਮੋਦੀ ਸਰਕਾਰ ਪੇਂਡੂ ਜ਼ਿਮੀਦਾਰਾਂ ਅਤੇ ਅਮੀਰ ਕਿਸਾਨਾਂ ਲਈ ਸਸਤੀ ਲੇਬਰ ਮੁਹੱਈਆ ਕਰਾਉਣ ਲਈ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਮੌਕੇ ਮਗਨਰੇਗਾ ਨੂੰ ਲਾਗੂ ਨਹੀਂ ਕਰਨ ਦਾ ਪ੍ਰਬੰਧ ਵੀ ਇਸ ਕਾਨੂੰਨ ਵਿੱਚ ਕਰ ਚੁੱਕੀ ਹੈ। ਭਾਵੇਂ ਕੰਮ ਦੇ ਦਿਨ 100 ਤੋਂ ਵਧਾ ਕੇ 125 ਦਿਨ ਕਰ ਦਿੱਤੇ ਹਨ। ਬੱਜਟ ਅਲਾਟ ਕਰਨ ਦਾ ਜਾਂ ਵਾਧਾ ਕਰਨ ਦੀ ਕੋਈ ਵਿਵਸਥਾ ਕਾਨੂੰਨ ਵਿੱਚ ਨਹੀਂ ਹੈ।

(ਸ). ਅਸਲ ਵਿੱਚ ਮੋਦੀ ਸਰਕਾਰ ਆਪਣੇ ਜਮਾਤੀ ਖਾਸੇ ਅਨੁਸਾਰ ਅਤੇ ਵਿਚਾਰਧਾਰਕ ਸਮਝ ਅਨੁਸਾਰ ਮਿਹਨਤੀ ਲੋਕਾਂ ਨੂੰ ਆਪਣੇ ਹੱਕ ਅਤੇ ਜੀਵਨ ਲੋੜਾਂ ਤੋਂ ਵਾਂਝੇ ਕਰਕੇ ਫ਼ਿਰਕੂ ਏਜੰਡਾ ਲਾਗੂ ਕਰਨਾ ਚਾਹੁੰਦੀ ਹੈ। ਪੇਂਡੂ ਮਜ਼ਦੂਰ, ਪੇਂਡੂ ਗ਼ਰੀਬ ਅਤੇ ਜਮਹੂਰੀਅਤ ਪਸੰਦ ਲੋਕ ਭਾਜਪਾ-ਆਰਐਸਐਸ ਦੀ ਇਸ ਚਾਲ ਨੂੰ ਫੇਲ੍ਹ ਕਰਨ ਲਈ ਸੰਘਰਸ਼ ਦੇ ਮੈਦਾਨ ਵਿੱਚ ਉਤਰਨਗੇ ਅਤੇ ਮਗਨਰੇਗਾ ਨੂੰ ਮੁੜ ਬਹਾਲ ਕਰਾਉਣ ਲਈ ਸੰਘਰਸ਼ ਤੇਜ਼ ਕਰਨਗੇ।

## ਚਾਰ ਲੇਬਰ ਕੋਡ

ਕੇਂਦਰ ਦੀ ਮੋਦੀ ਸਰਕਾਰ ਨੇ ਮਜ਼ਦੂਰ ਜਮਾਤ ਦੇ ਲੰਬੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ 29 ਕਾਨੂੰਨ ਖ਼ਤਮ ਕਰਕੇ ਚਾਰ ਲੇਬਰ ਕੋਡ ਬਣਾ ਦਿੱਤੇ ਹਨ। ਇਨ੍ਹਾਂ ਕੋਡਾਂ ਰਾਹੀਂ ਪੱਕੀ ਨੌਕਰੀ ਖ਼ਤਮ, ਘੱਟੋ ਘੱਟ ਤਨਖ਼ਾਹ ਦਾ ਕਾਨੂੰਨ, ਸਿਹਤ ਅਤੇ ਸਮਾਜਿਕ ਸੁਰੱਖਿਆ ਦਾ ਕਾਨੂੰਨ ਖ਼ਤਮ ਅਤੇ ਮਜ਼ਦੂਰਾਂ ਦੀ ਆਪਣੀ ਪਸੰਦ ਦੀ ਯੂਨੀਅਨ ਬਣਾਉਣ ਦਾ ਅਧਿਕਾਰ ਖ਼ਤਮ ਕਰ ਦਿੱਤਾ ਹੈ।

ਵਰਕਰ ਆਪਣੇ ਕੰਮ ਸਬੰਧੀ ਆਪਣੀ ਕਮਾਈ ਤਨਖ਼ਾਹ ਸਬੰਧੀ ਡਾਕਟਰੀ ਸਹੂਲਤ ਸਬੰਧੀ ਅਤੇ ਯੂਨੀਅਨਾਂ ਬਣਾਉਣ ਦੇ ਅਧਿਕਾਰ ਸਬੰਧੀ ਕੋਈ ਕਾਨੂੰਨੀ ਲੜਾਈ ਨਹੀਂ ਲੜ ਸਕਣਗੇ। ਪਹਿਲੇ ਕਾਨੂੰਨਾਂ ਮੁਤਾਬਕ ਕਾਨੂੰਨਾਂ ਦੀ ਉਲੰਘਣਾ ਕਰਨ ’ਤੇ ਮਾਲਕ ਨੂੰ ਸਜ਼ਾ ਜਾਂ ਜੁਰਮਾਨੇ ਦੀ ਵਿਵਸਥਾ ਸੀ ਜੋ ਹੁਣ ਕੋਡਾਂ ਰਾਹੀਂ ਸਿਰਫ਼ ਮਾਮੂਲੀ ਜੁਰਮਾਨੇ ਤੱਕ ਸੀਮਤ ਕਰ ਦਿੱਤੀ ਹੈ। ਮਜ਼ਦੂਰ ਦੁਆਰਾ ਆਪਣਾ ਹੱਕ ਮੰਗਣਾ ਅਤੇ ਯੂਨੀਅਨਾਂ ਬਣਾਉਣਾ ਕਾਨੂੰਨੀ ਜੁਰਮ ਬਣਾ ਦਿੱਤਾ ਹੈ। ਹੜਤਾਲ ਕਰਨ ਵਾਲਿਆਂ ਦਾ ਕੰਮ ਖ਼ਤਮ ਅਤੇ ਤਨਖ਼ਾਹ ਵਿੱਚੋਂ ਨੁਕਸਾਨ ਦੀ ਭਰਪਾਈ ਅਤੇ ਹੜਤਾਲ ਕਰਾਉਣ ਵਾਲਿਆਂ ਨੂੰ ਕੈਦ ਤੱਕ ਦੀਆਂ ਸਜ਼ਾਵਾਂ ਕੋਡਾਂ ਮੁਤਾਬਕ ਹਨ।

ਆਪਣੇ ਜਮਾਤੀ ਖ਼ਾਸੇ ਮੁਤਾਬਕ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹੀਆਂ ਛੋਟਾਂ ਦੇਣ ਅਤੇ ਮਜ਼ਦੂਰਾਂ ਨੂੰ ਮਾਲਕਾਂ ਦੀ ਗੁਲਾਮੀ ਵੱਲ ਧੱਕਿਆ ਗਿਆ ਹੈ। ਮਜ਼ਦੂਰ ਜਮਾਤ ਆਪਣੇ ਕਿਸਾਨਾਂ ਤੇ ਮਿਹਨਤੀ ਲੋਕਾਂ ਨਾਲ ਏਕਾ ਮਜ਼ਬੂਤ ਕਰਕੇ ਸੰਘਰਸ਼ਾਂ ਰਾਹੀਂ ਇਨ੍ਹਾਂ ਕਾਨੂੰਨ ਨੂੰ ਰੱਦ ਕਰਾਏਗੀ। ਪੁਰਾਣੇ ਕਾਨੂੰਨਾਂ ਦੀ ਬਹਾਲੀ ਅਤੇ ਹੋਰ ਪ੍ਰਾਪਤੀਆਂ ਲਈ ਸੰਘਰਸ਼ ਨੂੰ ਜਿੱਤ ਤੱਕ ਲਿਜਾਏਗੀ।

ਨਵਾਂ ਪ੍ਰਮਾਣੂ ਊਰਜ਼ਾ ਕਾਨੂੰਨ

ਕੇਂਦਰ ਦੀ ਮੋਦੀ ਸਰਕਾਰ ਨੇ ਪ੍ਰਮਾਣੂ ਊਰਜ਼ਾ ਐਕਟ ਵਿੱਚ ਸੋਧਾਂ ਕਰਕੇ ਦੇਸੀ ਅਤੇ ਵਿਦੇਸ਼ੀ ਅਜਾਰੇਦਾਰਾਂ ਨੂੰ ਊਰਜਾ ਸੈਕਟਰ ਵਿੱਚ ਦਾਖ਼ਲ ਹੋਣ ਦਾ ਰਾਹ ਖੋਲ੍ਹ ਦਿੱਤਾ ਹੈ। ਪਹਿਲੇ ਕਾਨੂੰਨਾਂ ਮੁਤਾਬਿਕ ਸਨਅਤਾਂ ਜਾਂ ਪਲਾਂਟਾਂ ਦੇ ਮਾਲਕਾਂ ਨੂੰ ਕਿਸੇ ਵੀ ਵਾਪਰੀ ਦੁਰਘਟਨਾ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰਨ ਅਤੇ ਘਟਨਾ ਲਈ ਜਵਾਬਦੇਹ ਬਣਾਇਆ ਜਾਂਦਾ ਸੀ। ਨਵੇਂ ਕਾਨੂੰਨ ਮੁਤਾਬਿਕ ਕਾਰਪੋਰੇਟ ਘਰਾਣੇ ਕਿਸੇ ਵੀ ਆਰਥਿਕ ਨੁਕਸਾਨ ਜਾਂ ਲੋਕਾਂ ਦੀਆਂ ਲਈਆਂ ਗਈਆਂ ਜਾਨਾਂ ਦੇ ਜ਼ਿੰਮੇਵਾਰ ਨਹੀਂ ਹੋਣਗੇ। ਮੋਦੀ ਸਰਕਾਰ ਨੇ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਦੇਸ਼ ਦੀ ਪ੍ਰਭੂਸਤਾ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਦੇਸ਼ ਦੇ ਆਮ ਲੋਕਾਂ ਦਾ ਇਸ ਖ਼ਤਰੇ ਵਿਰੁੱਧ ਵਿਸ਼ਾਲ ਲਾਮਬੰਦੀ ਕਰਕੇ ਇਸ ਨੂੰ ਰੱਦ ਕਰਾਉਣ ਲਈ ਸੜਕਾਂ ’ਤੇ ਆਉਣਾ ਅਤੀ ਜ਼ਰੂਰੀ ਹੈ।

## ਬਿਜਲੀ (ਸੋਧ) ਬਿੱਲ-2025

ਕੇਂਦਰ ਦੀ ਮੋਦੀ ਸਰਕਾਰ ਨੇ ਊਰਜਾ ਐਕਟ ਪਾਸ ਕਰਕੇ ਬਿਜਲੀ (ਸੋਧ) ਬਿੱਲ-2025 ਨੂੰ ਪਾਸ ਕਰਾਉਣ ਦਾ ਰਸਤਾ ਖੋਲ੍ਹ ਦਿੱਤਾ ਹੈ। ਬਿਜਲੀ ਦੇਸ਼ ਦੇ ਲੋਕਾਂ ਦੀ ਜੀਵਨ ਰੇਖਾ ਅਤੇ ਸਨਅਤੀ ਵਿਕਾਸ ਲਈ ਬੁਨਿਆਦੀ ਖੇਤਰ ਹੈ। ਬਿਜਲੀ ਨੂੰ ਦੇਸੀ ਤੇ ਵਿਦੇਸ਼ੀ ਕਾਰਪੋਰੇਟਾਂ ਨੂੰ ਸਸਤੇ ਭਾਅ ’ਤੇ ਵੇਚਣਾ ਲੋਕਾਂ ਦੀ ਸਹੂਲਤ ਖੋਹਣਾ ਹੈ ਅਤੇ ਲੱਖਾਂ ਬਿਜਲੀ ਕਾਮਿਆਂ ਨੂੰ ਬੇਰੁਜ਼ਗਾਰੀ ਵੱਲ ਧੱਕਣਾ ਹੈ। ਬਿਜਲੀ ਖੇਤਰ ਦੇ ਯੂਨਿਟ ਜਨਤਕ ਖੇਤਰ ਦੇ ਸਰਕਾਰੀ ਅਦਾਰੇ ਹਨ। ਇਨ੍ਹਾਂ ਅਦਾਰਿਆਂ ਦੀ ਉਸਾਰੀ ਅਤੇ ਸਬੰਧਤ ਜਾਇਦਾਦਾਂ ਨਿੱਜੀ ਮਾਲਕਾਂ ਨੂੰ ਕੌਡੀਆਂ ਦੇ ਭਾਅ ਦਿੱਤੀਆਂ ਜਾ ਰਹੀਆਂ ਹਨ। ਜਿਵੇਂ ਚੰਡੀਗੜ੍ਹ ਦਾ ਬਿਜਲੀ ਖੇਤਰ 800 ਕਰੋੜ ਰੁਪਏ ਤੋਂ ਵੀ ਵੱਧ ਦਾ ਅਦਾਰਾ ਹੈ, ਜੋ ਸਿਰਫ਼ 200 ਕਰੋੜ ਰੁਪਏ ਤੋਂ ਘਟ ਕੀਮਤ ’ਤੇ ਵੇਚ ਦਿੱਤਾ ਗਿਆ ਹੈ। ਇਸ ਅਦਾਰੇ ਦਾ ਸਾਲਾਨਾ ਮੁਨਾਫ਼ਾ ਹੀ 200 ਕਰੋੜ ਰੁਪਏ ਤੋਂ ਵੱਧ ਹੈ। ਚੰਡੀਗੜ੍ਹ ਵਿੱਚ ਬਿਜਲੀ ਸਪਲਾਈ ਪਹਿਲਾਂ ਦੇ ਮੁਕਾਬਲੇ ਬਹੁਤ ਮਾੜੀ ਹੋ ਗਈ ਹੈ। ਉਪਰੋਂ ਬਿਜਲੀ ਦੇ ਰੇਟ ਵਧਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਸੋ, ਦੇਸ਼ ਦੀ ਤਰੱਕੀ ਦੀ ਰੀੜ੍ਹ ਦੀ ਹੱਡੀ ਸਨਅਤੀ ਵਿਕਾਸ ਦਾ ਧੁਰਾ ਅਤੇ ਲੋਕਾਂ ਨੂੰ ਸਹੂਲਤਾਂ ਦੇਣ ਵਾਲੇ ਇਸ ਖੇਤਰ ਦੀ ਰੱਖਿਆ ਲਈ ਮੁਲਾਜ਼ਮਾਂ ਅਤੇ ਆਮ ਲੋਕਾਂ ਨੂੰ ਸੰਘਰਸ਼ ਵਿੱਚ ਕੁੱਦ ਕੇ ਇਸ ਹਮਲੇ ਨੂੰ ਰੋਕਣਾ ਅੱਜ ਸਮੇਂ ਦੀ ਜ਼ਰੂਰੀ ਮੰਗ ਹੈ।

## ਪੰਜਾਬ ਸਰਕਾਰ ਦੇ ਬਾਰੇ

ਆਮ ਆਦਮੀ ਪਾਰਟੀ ਨੇ ਲੋਕ ਲਹਿਰਾਂ ਦੇ ਬਦਲ ਪੱਖੀ ਭਾਵਨਾਵਾਂ ਦਾ ਫਾਇਦਾ ਉਠਾਕੇ ਪੰਜਾਬ ਅੰਦਰ ਸਰਕਾਰ ਬਣਾਈ। ਆਪਣੇ ਚਾਰਾਂ ਸਾਲਾਂ ਦੇ ਰਾਜ ਵਿੱਚ ਨਾ ਨੌਕਰੀਆਂ ਦਿੱਤੀਆਂ, ਨਾ ਕੱਚੇ ਵਰਕਰ ਪੱਕੇ ਕੀਤੇ, ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕੋਈ ਸੁਧਾਰ ਨਹੀਂ ਕੀਤਾ, ਨਾ ਅਮਨ ਕਾਨੂੰਨ ਦੀ ਵਿਵਸਥਾ ਨੂੰ ਠੀਕ ਕੀਤਾ, ਨਾ ਨਸ਼ਿਆਂ ਵਿਰੁੱਧ ਕੋਈ ਸੁਚਾਰੂ ਕਾਰਵਾਈ ਕੀਤੀ, ਲੋੜਵੰਦ ਗ਼ਰੀਬਾਂ ਦੇ ਰਾਸ਼ਨ ਕਾਰਡ ਕੱਟੇ ਗਏ, ਉਪਰਕੋਤ ਹਾਲਾਤਾਂ ਵਿੱਚ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਕੇ ਸੰਘਰਸ਼ ਵਿੱਚ ਲਿਆਉਣਾ ਅਤੀ ਜ਼ਰੂਰੀ ਹੈ।

ਉਪਰੋਕਤ ਮੁੱਦਿਆਂ ਨਾਲ ਸਥਾਨਕ ਮੁੱਦੇ ਪੇਂਡੂ ਮਜ਼ਦੂਰਾਂ ਦੀ ਪਲਾਟਾਂ ਦੀ ਮੰਗ, ਮਕਾਨ ਬਣਾਉਣ ਲਈ ਸਹਾਇਤਾ, ਰਾਸ਼ਨ ਕਾਰਡ ਅਤੇ ਇਲਾਕੇ ਦੇ ਮੁੱਦੇ ਵੀ ਜੋੜੇ ਜਾਣ।

ਪੰਜਾਬ ਸੂਬਾਈ ਸਕੱਤਰੇਤ ਸੀਪੀਆਈ(ਐਮ) ਅਪੀਲ ਕਰਦਾ ਹੈ ਕਿ ਜ਼ਿਲ੍ਹਾ ਕਮੇਟੀਆਂ, ਤਹਿਸੀਲ ਕਮੇਟੀਆਂ ਅਤੇ ਮੈਂਬਰ ਸਾਹਿਬਾਨ ਮੁਹਿਮ ਲਾਮਬੰਦ ਕਰਕੇ ਲੋਕਾਂ ਨੂੰ ਸੰਘਰਸ਼ 'ਚ ਪਾਉਣ ਲਈ ਆਪਣਾ ਬਣਦਾ ਰੋਲ ਅਦਾ ਕਰਕੇ ਪਾਰਟੀ ਡਿਊਟੀ ਨਿਭਾਉਣ।